Roll No. ........................ Total Pages : 5

# 3931/ML

**X–23/2051**

**PUNJABI COMPULSORY**

**(MUDLA GYAN)**

Paper–423

Semester–IV

Time Allowed : 3 Hours] [Maximum Marks : 75

## ਭਾਗ–ੳ

1. ਹੇਠ ਲਿਖੀਆਂ ਕਹਾਣੀਆਂ ਵਿਚੋਂ ਕਿਸੇ **ਇਕ** ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ: 8

   (ੳ) ਕੁਲਫੀ

   (ਅ) ਖੱਬਲ।



2. ਹੇਠ ਲਿਖੇ ਕਹਾਣੀ ਦੇ ਪਾਤਰਾਂ ਵਿਚੋਂ ਕਿਸੇ **ਇਕ** ਪਾਤਰ ਸੰਬੰਧੀ ਸੰਖੇਪ ਜਾਣਕਾਰੀ ਦਿਓ: 4

   (ੳ) ਛੋਟਾ ਕਾਕਾ

   (ਅ) ਬੁੱਢਾ ਪਿਓ।

3. ਹੇਠ ਲਿਖੇ ਨਾਟਕ ਦੇ ਪਾਤਰਾਂ ਵਿਚੋਂ ਕਿਸੇ **ਇਕ** ਪਾਤਰ ਸੰਬੰਧੀ ਜਾਣਕਾਰੀ ਦਿਓ: 8

   (ੳ) ਬੇਬੇ

   (ਅ) ਨਰਾਇਣ ਸਿੰਘ

   (ੲ) ਨੂਰਦੀਨ।

## ਭਾਗ–ਅ

4. ਕਿਸੇ **ਇੱਕ** ਵਿਸ਼ੇ ਤੇ ਚਿੱਠੀ/ਪੱਤਰ ਲਿਖੋ: 9

   (ੳ) ਆਪਣੇ ਗੂੜ੍ਹੇ ਮਿੱਤਰ/ਸਹੇਲੀ ਨੂੰ ਚਿੱਠੀ ਲਿਖੋ ਕਿ ਉਹ ਪੜ੍ਹਾਈ ਅਤੇ ਖੇਡਾਂ ਵਿਚ ਬਰਾਬਰ ਦਿਲਚਸਪੀ ਲਵੇ।

   (ਅ) ਤੁਸੀਂ ਕਾਲਜ ਵੱਲੋਂ ਸੈਰ-ਸਪਾਟਾ ਲਈ ਬਾਹਰ ਗਏ ਹੋ? ਉੱਥੋਂ ਇੱਕ ਪੱਤਰ ਰਾਹੀਂ ਆਪਣੇ ਅਨੁਭਵ ਆਪਣੇ ਮਾਤਾ ਜੀ ਨੂੰ ਲਿਖੋ।

5. ਹੇਠ ਲਿਖੀ ਸ਼ਬਦਾਵਲੀ ਦਾ ਅਨੁਵਾਦ ਕਰੋ:

(ੳ) ਪੰਜਾਬੀ ਤੋਂ ਅੰਗਰੇਜ਼ੀ ਅਨੁਵਾਦ:

ਭ੍ਰਿਸਟਾਚਾਰ, ਦਫ਼ਤਰ, ਪੌੜੀਆ, ਬਿਨੈ-ਪੱਤਰ, ਟੋਕਰੀ, ਅਕਾਸ, ਰਕਮ, ਬਕਾਇਆ। 8

(ਅ) ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ:

Indian, War, Information, Institution, Justice, Minor, Public, Post office. 8

## ਭਾਗ–ੲ

6. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ: 15×2=30

(i) ਭੈਣ ਦੁਆਰਾ ਸੁਣਾਈ ਜਾ ਰਹੀ ਕਹਾਣੀ ਵਿਚ ਰਾਣੀ ਨੇ ਰਾਜੇ ਤੋਂ ਕੀ ਵਰ ਮੰਗਿਆ?

(ii) ਕਹਾਣੀ 'ਪੇਮੀ ਦੇ ਨਿਆਣੇ' ਵਿਚ ਬੱਚਿਆਂ ਨੂੰ ਕਿਹੜੀਆਂ ਥਾਵਾਂ ਜਾਂ ਕੰਮ ਸਵਰਗ ਸਮਾਨ ਲੱਗਦੇ ਸਨ?

(iii) ਬੱਚਿਆਂ ਨੇ ਅੰਤ ਵਿਚ ਸੜਕ ਕਿਵੇਂ ਪਾਰ ਕੀਤੀ?

(iv) 'ਕੁਲਫ਼ੀ' ਕਹਾਣੀ ਵਿਚ ਮਹੀਨਾ ਮੁੱਕਣ ਦੇ ਨੇੜੇ ਪਹੁੰਚ ਕੇ ਵੀ ਮੁੱਕਣ ਵਿਚ ਕਿਉਂ ਨਹੀਂ ਆ ਰਿਹਾ ਸੀ?



(v) 'ਕੁਲਫ਼ੀ' ਕਹਾਣੀ ਵਿਚ ਮੈਂ ਪਾਤਰ ਨੇ ਕੁਲਫੀ ਖਾਣ ਦੀ ਇੱਛਾ ਤੋਂ ਬਚਣ ਲਈ ਕੀ ਕੀਤਾ?

(vi) 'ਕੁਲਫ਼ੀ' ਕਹਾਣੀ ਵਿਚ ਮੈਂ-ਪਾਤਰ ਆਪਣੇ ਮਾਲਕ ਨੂੰ ਤਨਖਾਹ ਵਧਾਉਣ ਲਈ ਕਹਿਣ ਤੋਂ ਕਿਉਂ ਡਰਦਾ ਸੀ?

(vii) 'ਖੱਬਲ' ਕਹਾਣੀ ਵਿਚ ਮੈਂ ਪਾਤਰ ਜਦੋਂ ਉਧਾਲੀ ਹੋਈ ਔਰਤ ਨੂੰ ਬਰਾਮਦ ਕਰਨ ਗਿਆ ਤਾਂ ਪਿੰਡ ਵਾਲਿਆਂ ਨੇ ਕੀ ਵਿਵਹਾਰ ਕੀਤਾ?

(viii) ਮੈਂ ਪਾਤਰ ਨੂੰ ਉਧਾਲੀ ਹੋਈ ਔਰਤ ਦੀ ਸਥਿਤੀ ਉਹੋ ਜਿਹੀਆਂ ਹੋਰ ਔਰਤਾਂ ਨਾਲੋਂ ਕਿਸ ਗੱਲੋਂ ਵੱਖ ਜਾਪੀ?

(ix) 'ਖੱਬਲ' ਕਹਾਣੀ ਵਿਚ ਉਧਾਲੀ ਹੋਈ ਔਰਤ ਭਾਰਤ ਜਾਣ ਦੀ ਬਜਾਇ ਮੈਂ ਪਾਤਰ ਸਾਹਮਣੇ ਕੀ ਮੰਗ ਰੱਖਦੀ ਹੈ?

(x) 'ਖੱਬਲ' ਕਹਾਣੀ ਵਿਚ ਉਧਾਲੀ ਹੋਈ ਔਰਤ ਦੀ ਹਾਲਤ ਦੇਖ ਕੇ ਮੈਂ ਪਾਤਰ ਦੇ ਮਨ ਨੂੰ ਧੱਕਾ ਕਿਉਂ ਪਹੁੰਚਿਆ?

(xi) 'ਮਾਂ ਦਾ ਡਿਪਟੀ' ਨਾਟਕ ਵਿਚ ਪਿੰਡ ਦੇ ਪਟਵਾਰੀ ਦਾ ਕੀ ਨਾਂ ਹੈ?

(xii) 'ਮਾਂ ਦਾ ਡਿਪਟੀ' ਨਾਟਕ ਵਿਚ ਨਰਾਇਣ ਸਿੰਘ ਜਦੋਂ ਆਪਣੀ ਮਾਂ ਨੂੰ ਚਾਲੀ ਰੁਪਏ ਦੀ ਨੌਕਰੀ ਮਿਲਣ ਦਾ ਉੱਤਰ ਦਿੰਦਾ ਹੈ ਤਾਂ ਮਾਂ (ਬੇਬੇ) ਕਿਹੋ ਜਿਹੀਆਂ ਗੱਲਾਂ ਕਰਦੀ ਹੈ?

(xiii) ਨਰਾਇਣ ਸਿੰਘ ਨੇ ਕਿਥੋਂ ਤੱਕ ਦੀ ਪੜ੍ਹਾਈ ਕੀਤੀ ਹੈ?

(xiv) ਨਾਟਕ ਦੇ ਪਾਤਰ 'ਗੰਡੂ ਸ਼ਾਹ' ਨਾਲ ਸੰਖੇਪ ਜਾਣ-ਪਛਾਣ ਕਰਵਾਓ।

(xv) 'ਮਾਂ ਦਾ ਡਿਪਟੀ' ਨਾਟਕ ਵਿਚ ਕੁੱਲ ਕਿੰਨੀਆਂ ਝਾਕੀਆਂ ਹਨ?